**ਸੁਧਾਰਾਤਮਕ/ਰਿਹਾਇਸ਼ੀ ਘਰ**

**ਤੁਅਨ ਮੁਨ ਚਿਲਡਰਨ ਅਤੇ ਜੁਵੇਨਾਇਲ ਹੋਮ**

- **ਸੇਵਾ ਦਾ ਵੇਰਵਾ**

  ਸੋਸ਼ਲ ਵੈਲਫੇਅਰ ਡਿਪਾਰਟਮੈਂਟ (ਐੱਸਡਬਿਲਯੂਡੀ) (Social Welfare Department, SWD) ਅਦਾਲਤ ਦੀਆਂ ਹਦਾਇਤਾਂ ਨੂੰ ਲਾਗੂ ਕਰਨ ਲਈ ਅਵਿਵਸਿਥਤ ਬੱਚਿਆਂ/ਜੁਵੇਨਾਇਲਜ਼ ਅਤੇ ਘੱਟ ਉਮਰ ਦੇ ਅਪਰਾਧੀਆਂ ਨੂੰ ਸਮਾਜਿਕ ਕੰਮ ਦੀ ਦਖਲਅੰਦਾਜ਼ੀ ਨਾਲ ਿਰਹਾਇਸ਼ੀ ਸਿਖਲਾਈ ਸੇਵਾ ਪ੍ਰਦਾਨ ਕਰਦਾ ਹੈ। ਸਰਿਵਸ ਦੇ ਸਿਹਯੋਗ ਨੂੰ ਪ੍ਰਾਪਤ ਕਰਨ ਲਈ ਅਤੇ ਸੁਵਿਧਾਵਾਂ ਦੀ ਸਾਂਝੀ ਵਰਤੋਂ ਨੂੰ ਉਤਸ਼ਾਹਤ ਕਰਨ ਲਈ, ਤੁਅਨ ਮੁਨ ਚਿਲਡਰਨ ਐਂਡ ਜੁਵੇਨਾਇਲ ਹੋਮ (ਟੀਐੱਮਸੀਜੇਐੱਚ) (Tuen Mun Children and Juvenile Home, TMCJH)ਨਾਮਕ ਇੱਕ ਬਹੁ-ਮਕਸਦੀ ਰਿਹਾਇਸ਼ੀ ਕੰਪਲੈਕਸ ਵਿੱਚ SWDco ਨੇ 2007 ਵਿੱਚ ਛੇ ਸੁਧਾਰਾਤਮਕ ਅਤੇ ਰਿਹਾਇਸ਼ੀ ਘਰ ਵਿੱਚ ਸਥਾਪਤ ਕੀਤੇ ਜੋ ਸ਼ਰਣ ਸਥਾਨ, ਰਿਮਾਂਡ ਹੋਮ, ਪ੍ਰਵਾਨਿਤ ਸੰਸਥਾਵਾਂ (ਪ੍ਰੋਬੇਸ਼ਨ ਹੋਮ) ਅਤੇ ਸੁਧਾਰਕ ਸੂਕਲ ਦੇ ਕੰਮਾਂ ਨੂੰ ਪੂਰਾ ਕਰਦੇ ਹਨ।

- **ਟੀਚਾਬੱਧ ਸਮੂਹ**

  ਟੀਐੱਮਸੀਜੇਐੱਚ ਇੱਕ ਗਜ਼ਿਟਡ ਹੋਮ ਹੈ ਜੋ ਹੇਠਾਂ ਿਲਖਆਂ ਦੀਆਂ ਵੈਧਾਨਿਕ ਜ਼ਰੂਰਤਾਂ ਦੇ ਅਨੁਸਾਰ ਬੱਚਿਆਂ/ਜੁਵੇਨਾਇਲਜ਼ ਅਤੇ ਨੌਜਵਾਨ ਅਪਰਾਧੀਆਂ ਨੂੰ ਆਰਜ਼ੀ ਰਿਹਾਇਸ਼ ਅਤੇ ਰਿਹਾਇਸ਼ੀ ਸਿਖਲਾਈ ਪ੍ਰਦਾਨ ਕਰਦਾ ਹੈ -

  - ਪ੍ਰੋਟੈਕਸ਼ਨ ਆਫ਼ ਚਿਲਡਰਨ ਐਂਡ ਜੁਵੇਨਾਇਲਜ਼ ਆਰਡੀਨੈਂਸ (ਅਧਿਆਏ 213), ਇਮੀਗ੍ਰੇਸ਼ਨ ਆਰਡੀਨੈਂਸ (ਚੈਪਟਰ 115) ਅਤੇ ਚਾਇਲਡ ਅਬਡੱਕਸ਼ਨ ਐਂਡ ਕਸਟਡੀ ਆਰਡੀਨੈਂਸ (ਅਧਿਆਏ 512) ਦੇ ਅਧੀਨ ਸ਼ਰਣ ਸਥਾਨ
  - ਜੁਵੇਨਾਇਲ ਓਫੈਂਡਰਜ਼ ਆਰਡੀਨੈਂਸ (ਅਧਿਆਏ 226) ਦੇ ਅਧੀਨ ਰਿਮਾਂਡ ਹੋਮ
  - ਪ੍ਰੋਬੇਸ਼ਨ ਆਫ਼ ਓਫੈਂਡਰਜ਼ ਆਰਡੀਨੈਂਸ (ਅਧਿਆਏ 298) ਦੇ ਅਧੀਨ ਪ੍ਰਵਾਨਿਤ ਸੰਸਥਾ (ਪ੍ਰੋਬੇਸ਼ਨ ਹੋਮ)
  - ਰੀਫੋਰਮੇਟਰੀ ਸੂਕਲ ਆਰਡੀਨੈਂਸ (ਅਧਿਆਏ 225) ਦੇ ਅਧੀਨ ਸੁਧਾਰਕ ਸਕੂਲ

- **ਸਮਰੱਥਾ**

  388

- **ਸੇਵਾ ਦਾ ਵਿਸ਼ਾ**

  I) ਸੱਖਿਆਤਮਕ ਅਤੇ ਕਿੱਤਾਮੁਖੀ ਸਿਖਲਾਈ

  ਉਨ੍ਹਾਂ ਦੇ ਿਵਿਭੰਨ ਅਕਾਦਿਮਕ ਪੱਧਰਾਂ ਅਤੇ ਪੜ੍ਹਾਈ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰਿਹਾਇਸ਼ੀਆਂ ਨੂੰ ਅਕਾਦਿਮਕ ਅਤੇ ਆਮ ਿਵਿਸ਼ਆਂ ਦੀ ਪੜ੍ਹਾਈ ਅਤੇ ਿਵਿਭੰਨ ਹੁਨਰਾਂ ਵਾਲੇ ਸਿਖਲਾਈ ਕੋਰਸ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਰਿਹਾਇਸ਼ ਦੀ ਸਮਾਂ ਅਵਧੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਤਾਂ ਜੋ ਹੋਮ ਤੋਂ ਛੁੱਟੀ ਮਿਲਣ 'ਤੇ ਉਨ੍ਹਾਂ ਨੂੰ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਦਾ ਮੌਕਾ ਮਿਲ ਸਕੇ ਅਤੇ/ਜਾਂ ਉਹ ਆਪਣੀਆਂ ਕਿੱਤਾਮੁਖੀ ਸੰਭਾਨਾਵਾਂ ਅਤੇ ਮਾਨਤਾ ਪ੍ਰਾਪਤ ਯੋਗਤਾ ਦੇ ਨਾਲ ਆਪਣੇ ਰੁਜ਼ਗਾਰ ਦੀ ਸਮਰੱਥਾ ਨੂੰ ਵਧਾ ਸਕਣ।

  II) ਵਅਕਤੀਗਤ ਕਾਉਂਸਿਲੰਗ ਅਤੇ ਸਮੂਹਿਕ ਕੰਮ ਦੀਆਂ ਸੇਵਾਵਾਂ

  ਵਿਅਕਤੀਗਤ ਰਿਹਾਇਸ਼ੀਆਂ ਦੀ ਕੇਸ ਕਾਉਂਸਿਲੰਗ ਅਤੇ ਸਮੂਹਿਕ ਕੰਮ ਦੇ ਰਾਹੀਂ ਨਿੱਜੀ, ਆਪਸੀ ਅਤੇ ਪਿਰਵਾਰਕ ਮੁੱਦਿਆਂ ਨੂੰ ਸਵੈ-ਸਮਝ, ਸਮਾਜਕ ਹੁਨਰਾਂ, ਭਾਵਨਾਵਾਂ ਦੇ ਪ੍ਰਬੰਧਨ ਅਤੇ ਸਕਾਰਾਤਮਕ ਸੋਚਣੀ ਦੇ ਰਾਹੀਂ ਸੰਭਾਲਣ ਲਈ ਸਹਾਇਤਾ ਕੀਤੀ ਜਾਂਦੀ ਹੈ। ਘਰ ਦੇ ਸਮਾਜਿਕ ਕਰਮਚਾਰੀ ਹਰੇਕ ਰਿਹਾਇਸ਼ੀ ਦੀ ਤਰੱਕੀ ਅਤੇ ਜ਼ਰੂਰਤਾਂ 'ਤੇ ਫਾਲੋ-ਅੱਪ ਕਰਦੇ ਹਨ ਅਤੇ ਰਿਹਾਇਸ਼ੀਆਂ ਦੇ ਮਾਪਿਆਂ/ਸਰਪ੍ਰਸਤਾਂ ਅਤੇ ਕੇਸ ਦੇ ਸਮਾਜਿਕ ਕਰਮਚਾਰੀਆਂ/ਪ੍ਰੋਬੇਸ਼ਨ ਅਫ਼ਸਰਾਂ ਦੇ ਨਾਲ ਤਾਲਮੇਲ ਕਰਦੇ ਹਨ ਤਾਂ ਜੋ ਭਲਾਈ / ਮੁੜ ਵਸੇਬੇ ਦੀਆਂ ਯੋਜਨਾਵਾਂ ਨੂੰ ਤਿਆਰ ਕੀਤਾ ਜਾ ਸਕੇ ਅਤੇ ਲਾਗੂ ਕੀਤਾ ਜਾ ਸਕੇ। ਇਸਦਾ ਉਦੇਸ਼ ਰਿਹਾਇਸ਼ੀਆਂ ਨੂੰ ਸਮੱਸਿਆਵਾਂ ਉੱਪਰ ਕਾਬੂ ਪਾਉਣ ਲਈ ਪ੍ਰੇਰਿਤ ਕਰਨਾ ਅਤੇ ਭਾਈਚਾਰੇ ਵਿੱਚ ਮੁੜ-ਏਕੀਕਰਣ ਲਈ ਤਿਆਰੀ ਲਈ ਸਵੈ-ਭਰੋਸਾ ਅਤੇ ਅਨੁਸਾਸ਼ਨ ਪੈਦਾ ਕਰਨਾ ਹੈ।

III) ਭਾਈਚਾਰਕ ਸੰਪਰਕ
ਇੱਕ ਭਾਵਪੂਰਨ ਭਾਈਚਾਰਕ ਸੰਪਰਕ ਸਥਾਪਤ ਕਰਨ ਲਈ ਰਿਹਾਇਸ਼ੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਮੂਹਿਕ ਅਤੇ ਸਹਾਇਕ ਗਤੀਵਿਧੀਆਂ ਨੂੰ ਚਲਾਉਣ ਲਈ ਘਰ ਵੱਖ-ਵੱਖ ਭਾਈਚਾਰਕ ਸੰਗਠਨਾਂ ਲਈ ਪ੍ਰਬੰਧ ਕਰਦਾ ਹੈ। ਕਮਿਊਨਿਟੀ ਸਰਵਿਸ ਪ੍ਰੋਜੈਕਟ ਰਿਹਾਇਸ਼ੀਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਵਿਕਸਤ ਕਰਨ ਲਈ, ਭਾਈਚਾਰੇ ਦੁਆਰਾ ਉਨ੍ਹਾਂ ਨੂੰ ਵਧੀਆ ਤਰੀਕੇ ਨਾਲ ਸਮਝਣ ਦੇ ਸਮਰੱਥ ਬਨਾਉਣ ਲਈ ਆਯੋਜਿਤ ਕੀਤੇ ਜਾਂਦੇ ਹਨ। ਰਿਹਾਇਸ਼ੀਆਂ ਨੂੰ ਭਾਈਚਾਰਕ ਗਤੀਵਿਧੀਆਂ ਅਤੇ ਇੱਛਕ ਸੇਵਾਵਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਸੰਚਾਰ ਦੇ ਹੁਨਰਾਂ, ਅਗਵਾਈ ਅਤੇ ਖੁਦ ਦੀ ਕਦਰ ਕਰਨ ਦੀ ਭਾਵਨਾ ਦਾ ਪੋਸ਼ਣ ਕੀਤਾ ਜਾ ਸਕੇ।

IV) ਮਨੋਰੰਜਨ ਗਤੀਵਿਧੀਆਂ
ਰਿਹਾਇਸ਼ੀਆਂ ਲਈ ਕਲਾ, ਸੰਗੀਤ, ਸੱਭਿਆਚਾਰ, ਖੇਡ ਅਤੇ ਦਿਲ ਪ੍ਰਚਾਵੇ ਦੀਆਂ ਗਤੀਵਿਧੀਆਂ ਦੀ ਇੱਕ ਪੂਰੀ ਲੜੀ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਉਹ ਸਿਹਤਮੰਦ ਸ਼ੌਕ ਵਿਕਸਤ ਕਰ ਸਕਣ, ਵਿਅਕਤੀਗਤ ਸਮਰੱਥਾਵਾਂ ਵਧਾ ਸਕਣ ਅਤੇ ਸਮਰੱਥਾਵਾਂ ਨੂੰ ਵਿਕਸਤ ਕਰ ਸਕਣ।

V) ਸਰਪ੍ਰਸਤ ਨਾਲ ਮੁਲਾਕਾਤ/ਪਰਿਵਾਰਕ ਕੰਮ/ਗੈਰਹਾਜ਼ਰੀ ਦੀ ਛੁੱਟੀ
ਮਾਪਿਆਂ ਅਤੇ ਸਰਪ੍ਰਸਤਾਂ ਦਾ ਆਪਣੇ ਬੱਚਿਆਂ ਨੂੰ ਮਿਲਣ ਲਈ ਘਰ ਆਉਣ ਲਈ ਸੁਆਗਤ ਕੀਤਾ ਜਾਂਦਾ ਹੈ ਅਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਆਪਣੇ ਮਾਪਿਆਂ ਨਾਲ ਰਿਸ਼ਤਿਆਂ ਨੂੰ ਸੁਧਾਰਨ ਲਈ ਅਤੇ ਸਕਾਰਾਤਮਕ ਸੰਚਾਰ ਨੂੰ ਮੁੜ ਸਥਾਪਿਤ ਕਰਨ ਲਈ ਰਿਹਾਇਸ਼ੀਆਂ ਦੀ ਮਦਦ ਲਈ ਕੇਸ ਕਾਊਂਸਲਿੰਗ ਅਤੇ ਮਾਪਿਆਂ-ਬੱਚਿਆਂ ਦੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਪ੍ਰੋਬੇਸ਼ਨ ਘਰ ਅਤੇ ਸੁਧਾਰਕ ਸਕੂਲ ਦੇ ਰਿਹਾਇਸ਼ੀਆਂ ਲਈ, ਉਨ੍ਹਾਂ ਰਿਹਾਇਸ਼ੀਆਂ ਲਈ ਗੈਰ-ਹਾਜ਼ਰੀ ਦੀ ਛੁੱਟੀ ਦੀ ਆਗਿਆ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦੀ ਕਾਰਗੁਜ਼ਾਰੀ ਰਿਹਾਇਸ਼ੀ ਸਿਖਲਾਈ ਦੀ ਅਵਧੀ ਦੇ ਬਾਅਦ ਸਥਿਰ ਹੋ ਗਈ ਹੈ ਤਾਂ ਜੋ ਉਹ ਘਰ ਦੇ ਲਈ ਉਨ੍ਹਾਂ ਨੂੰ ਛੁੱਟੀ ਮਿਲਣ ਦੇ ਬਾਅਦ ਪ੍ਰਭਾਵਸ਼ਾਲੀ ਪਰਿਵਾਰਕ ਸਹਾਇਤਾ ਪ੍ਰਾਪਤ ਕਰਨ ਵਿੱਚ ਸੁਵਿਧਾ ਮਿਲ ਸਕੇ।

VI) ਚਿਕਿਤਸਕ ਦੇਖਭਾਲ
ਘਰ, ਘਰ ਦੀਆਂ ਨਰਸਾਂ ਦੇ ਰਾਹੀਂ 24-ਘੰਟੇ ਦੀ ਨਰਸਿੰਗ ਸੇਵਾ ਪ੍ਰਦਾਨ ਕਰਦਾ ਹੈ। ਵਿਅਕਤੀਗਤ ਸਫ਼ਾਈ ਦੇ ਮਾਮਲਿਆਂ 'ਤੇ ਸਿਹਤ ਚਰਚਾਵਾਂ, ਮਾਰਗਦਰਸ਼ਨ ਅਤੇ ਕਾਊਂਸਲਿੰਗ ਵੀ ਪ੍ਰਦਾਨ ਕੀਤੀਆ ਜਾਂਦੀਆਂ ਹਨ। ਦੌਰਾ ਕਰਨ ਵਾਲੇ ਮੈਡੀਕਲ ਅਫ਼ਸਰ ਆਮ ਮੈਡੀਕਲ ਸੇਵਾਵਾਂ ਪ੍ਰਦਾਨ ਕਰਦੇ ਹਨ। ਉਹ ਰਿਹਾਇਸ਼ੀ ਜਿਨ੍ਹਾਂ ਦੀਆਂ ਖਾਸ ਸਰੀਰਕ, ਮਾਨਸਿਕ ਜਾਂ ਮਨੋਵਿਗਿਆਨਕ ਜ਼ਰੂਰਤਾਂ ਹਨ, ਉਨ੍ਹਾਂ ਦਾ ਮੁਲਾਂਕਣ, ਸਲਾਹ ਅਤੇ ਇਲਾਜ ਲਈ ਮਾਹਰਾਨਾ ਡਾਕਟਰਾਂ ਅਤੇ/ਜਾਂ ਕਲੀਨਿਕਲ ਮਨੋਚਿਕਿਤਸਕਾਂ ਕੋਲ ਹਵਾਲਾ ਦਿੱਤਾ ਜਾ ਸਕਦਾ ਹੈ।

VII) ਭੋਜਨ ਦੇ ਪ੍ਰਾਵਧਾਨ
ਰਿਹਾਇਸ਼ੀਆਂ ਲਈ ਰੋਜ਼ਾਨਾ ਖੁਰਾਕ ਕੇਟਰਿੰਗ ਸਰਵਿਸ ਦੇ ਠੇਕੇਦਾਰ ਦੇ ਪੰਜੀਕ੍ਰਿਤ ਡਾਇਟੀਸ਼ੀਅਨ ਦੁਆਰਾ ਖੁਰਾਕ ਸੰਬੰਧੀ ਦਿੱਤੀ ਗਈ ਸਲਾਹ ਦੇ ਅਨੁਸਾਰ ਹੁੰਦੀ ਹੈ।

- **ਫੀਸਾਂ ਅਤੇ ਖਰਚੇ**

  ਸਾਰੀਆਂ ਸੇਵਾਵਾਂ ਮੁਫ਼ਤ ਹਨ।

- **ਪਤਾ ਅਤੇ ਸੰਪਰਕ ਨੰਬਰ**

  ਪਤਾ: 3 San Shek Wan North Road, Tuen Mun, New Territories
  ਟੈਲੀ. ਨੰ.: 2460 7102
  ਫ਼ੈਕਸ ਨੰ.: 2460 7812